aglasem.com

FOR PUNJAB CLASS 10 PREPARATION

PSEB 10th Sample Paper 2027 Agriculture

EXAM	YEAR	TYPE	SUBJECT
Punjab Class 10	2027	Sample Paper	Agriculture

Roll No..... **MTP- 35**

Total No. of Questions: 18] [Total No. of Printed Pages: 03

X

ਮਾਡਲ ਪ੍ਰਸ਼ਨ ਪੱਤਰ : 2026-27

ਖੇਤੀਬਾੜੀ (ਲਿਖਤੀ)

Time Allowed : 3 Hours **Maximum Marks: 50**

ਨੋਟ :

(i) ਆਪਣੀ ਉੱਤਰ ਪੱਤਰੀ ਦੇ ਟਾਈਟਲ ਪੰਨੇ ਤੇ ਵਿਸ਼ਾ ਕੋਡ/ਪੇਪਰ ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ ਕੋਡ/ਪੇਪਰ ਕੋਡ **35** ਜ਼ਰੂਰ ਦਰਜ ਕਰੋ ।

(ii) ਉੱਤਰ ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਵੋ ਕਿ ਇਸ ਵਿੱਚ ਟਾਈਟਲ ਪੰਨੇ ਸਹਿਤ 28 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ।

(iv) ਕੋਈ ਵਾਧੂ ਸ਼ੀਟ ਨਹੀਂ ਮਿਲੇਗੀ । ਇਸ ਲਈ ਉੱਤਰ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ ।

(v) ਹਰੇਕ ਪ੍ਰਸ਼ਨ ਦਾ ਉੱਤਰ ਖ਼ਤਮ ਹੋਣ ਤੇ ਇੱਕ ਲਾਈਨ ਲਗਾ ਦਿਓ ।

(vi) ਪ੍ਰਸ਼ਨ ਪੱਤਰ ਵਿੱਚ **ਕੁੱਲ 18 ਪ੍ਰਸ਼ਨ** ਹਨ । ਪ੍ਰਸ਼ਨ ਪੱਤਰ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ :

ਭਾਗ - I **ਇਸ ਭਾਗ ਵਿੱਚ ਤਿੰਨ ਪ੍ਰਸ਼ਨ ਹਨ :**

ਪ੍ਰਸ਼ਨ ਨੰ. 1 : ਇਸ ਵਿੱਚ **ਇੱਕ-ਇੱਕ ਅੰਕ** ਵਾਲੇ **ਚਾਰ 'ਬਹੁ-ਵਿਕਲਪੀ'** ਪ੍ਰਸ਼ਨ ਹਨ ।

ਪ੍ਰਸ਼ਨ ਨੰ. 2 : ਇਸ ਵਿੱਚ **ਇੱਕ-ਇੱਕ ਅੰਕ** ਵਾਲੇ **ਚਾਰ 'ਖ਼ਾਲੀ ਥਾਵਾਂ ਭਰੋ'** ਵਾਲੇ ਪ੍ਰਸ਼ਨ ਹਨ ।

ਪ੍ਰਸ਼ਨ ਨੰ. 3 : ਇਸ ਵਿੱਚ **ਇੱਕ-ਇੱਕ ਅੰਕ** ਵਾਲੇ **ਚਾਰ 'ਠੀਕ ਜਾਂ ਗ਼ਲਤ ਕਥਨ'** ਵਾਲੇ ਪ੍ਰਸ਼ਨ ਹਨ ।

ਇਹ ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ ।

ਭਾਗ - II ਇਸ ਭਾਗ ਵਿੱਚ **ਪ੍ਰਸ਼ਨ ਨੰਬਰ 4 ਤੋਂ 14 ਤੱਕ ਦੋ-ਦੋ ਅੰਕ** ਵਾਲੇ **ਛੋਟੇ ਉੱਤਰਾਂ ਵਾਲੇ** ਪ੍ਰਸ਼ਨ ਹਨ । ਇਨ੍ਹਾਂ ਦਾ ਉੱਤਰ ਲਗਭਗ **1-2 ਵਾਕਾਂ** ਵਿੱਚ ਦਿਓ ।

ਇਹ ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ ।

ਭਾਗ - III ਇਸ ਭਾਗ ਵਿੱਚ **ਪ੍ਰਸ਼ਨ ਨੰਬਰ 15 ਤੋਂ 18** ਤੱਕ **ਚਾਰ-ਚਾਰ ਅੰਕਾਂ** ਵਾਲੇ **ਵੱਡੇ ਉੱਤਰਾਂ ਵਾਲੇ** ਪ੍ਰਸ਼ਨ ਹਨ । ਇਨ੍ਹਾਂ ਦਾ ਉੱਤਰ ਲਗਭਗ **4-5 ਵਾਕਾਂ** ਵਿੱਚ ਦਿਓ । **ਇਨ੍ਹਾਂ ਸਾਰੇ ਪ੍ਰਸ਼ਨਾਂ ਵਿੱਚ 100% ਅੰਦਰੂਨੀ ਛੋਟ ਹੈ ।**

ਭਾਗ - I

1. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਦੀ ਚੋਣ ਕਰੋ:

(i) ਪਿੰਡਾਂ ਵਿੱਚੋਂ ਦੁੱਧ ਦੀ ਖ਼ਰੀਦ ਕਿਹੜੀ ਸੰਸਥਾ ਵੱਲੋਂ ਕੀਤੀ ਜਾਂਦੀ ਹੈ ?

(ੳ) ਮਿਲਕਫੈੱਡ (ਅ) ਮਾਰਕਫੈੱਡ (ੲ) ਹਾਊਸਫੈੱਡ (ਸ) ਪਨਕੋਫੈੱਡ **1**

(ii) ਆਲੂ ਦੀਆਂ ਬਹਾਰ ਰੁੱਤ ਦੀਆਂ ਪਿਛੇਤੀਆਂ ਕਿਸਮਾਂ ਕਿਹੜੀਆਂ ਹਨ?

(ੳ) ਕੁਫ਼ਰੀ ਸੰਧੂਰੀ (ਅ) ਕੁਫ਼ਰੀ ਬਾਦਸ਼ਾਹ (ੲ) ਇਹ ਦੋਵੇਂ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ**1**

(iii) ਖੰਡ ਉਦਯੋਗ ਲਈ ਕੱਚਾ ਮਾਲ ਕਿਹੜੀ ਫ਼ਸਲ ਤੋਂ ਮਿਲਦਾ ਹੈ ?

(ੳ) ਕਣਕ (ਅ) ਮੱਕੀ (ੲ) ਗੰਨਾ (ਸ) ਸਰ੍ਹੋਂ **1**

(iv) ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਪਹਿਲੇ ਪਲਾਂਟ ਕਲੀਨਿਕ ਦੀ ਸਥਾਪਨਾ ਕਦੋਂ ਕੀਤੀ ਗਈ ?

(ੳ) 1958 (ਅ) 1968 (ੲ) 1978 (ਸ) 1988 **1**

1 ਅੰਕ × 4 = 4 ਅੰਕ

2. ਬਰੈਕਟ ਵਿੱਚ ਦਿੱਤੇ ਗਏ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਂ ਭਰੋ :

(i) ਡਾ. ਗੁਰਦੇਵ ਸਿੰਘ ਖੁਸ਼ ਨੇ ..... ਦੀਆਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਵਿਕਸਿਤ ਕੀਤੀਆਂ ।
(ਝੋਨੇ / ਕਣਕ) **1**

(ii) ਆੜੂ ਅਤੇ ਅੰਗੂਰ ..... ਫਲ਼ਦਾਰ ਪੌਦੇ ਹਨ । (ਪੱਤਝੜੀ / ਸਦਾਬਹਾਰ) **1**

(iii) ਇੱਕ ਕੁਇੰਟਲ ਗੰਨੇ ਵਿੱਚੋਂ ਲਗਭਗ ..... ਕਿੱਲੋ ਗੁੜ ਤਿਆਰ ਹੋ ਜਾਂਦਾ ਹੈ । (10 ਤੋਂ 12 / 30 ਤੋਂ 40) **1**

(iv) ਪਲਾਂਟ ਕਲੀਨਿਕ .....ਦੇ ਹਸਪਤਾਲ ਹੁੰਦੇ ਹਨ । (ਪੌਦਿਆਂ / ਪਸ਼ੂਆਂ) **1**

1 ਅੰਕ × 4 = 4 ਅੰਕ

3. ਸਹੀ ਜਾਂ ਗ਼ਲਤ ਕਥਨਾਂ ਦੀ ਚੋਣ ਕਰੋ :

(i) ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਦੀ ਸਥਾਪਨਾ 2005 ਵਿੱਚ ਕੀਤੀ ਗਈ ਸੀ । **1**

(ii) ਸਫ਼ੈਦੇ ਦੀਆਂ ਕਤਾਰਾਂ ਦੀ ਦਿਸ਼ਾ ਉੱਤਰ-ਦੱਖਣ ਰੱਖਣੀ ਚਾਹੀਦੀ ਹੈ । **1**

(iii) ਛੱਲੀ ਦੀ ਲੰਬਾਈ, ਨਰਮੇ ਦੀ ਫ਼ਸਲ ਦਾ ਜੱਦੀ-ਪੁਸ਼ਤੀ ਗੁਣ ਹੈ । **1**

(iv) ਟਰ੍ਹੀਰੀ ਆਪਣਾ ਆਲ੍ਹਣਾ ਦਰਖ਼ਤ ਉੱਤੇ ਬਣਾਉਂਦੀ ਹੈ । **1**

1 ਅੰਕ × 4 = 4 ਅੰਕ

ਭਾਗ - II

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1-2 ਵਾਕਾਂ ਵਿੱਚ ਦਿਓ :

4. ਕੌਮੀ ਬੀਜ ਨਿਗਮ (NSC) ਦੇ ਕੋਈ ਦੋ ਮੁੱਖ ਕੰਮ ਲਿਖੋ । **2**

5. ਇੱਕ ਕਿਸਾਨ ਨੇ ਕੰਪਿਊਟਰ ਕਰਾਹੇ (ਲੇਜ਼ਰ ਲੈਵਲਰ) ਨਾਲ਼ ਆਪਣੇ ਖੇਤ ਨੂੰ ਪੱਧਰ ਕੀਤਾ ਹੈ । ਇਸ ਤਕਨੀਕ ਨਾਲ਼ ਹੋਣ ਵਾਲੇ ਕੋਈ ਦੋ ਲਾਭ ਲਿਖੋ । **2**

6. ਕਣਕ ਦੀ ਬਿਜਾਈ ਦਾ ਸਹੀ ਸਮਾਂ ਲਿਖੋ । **2**

7. ਪਨੀਰੀ ਨਾਲ ਕਿਹੜੀਆਂ-ਕਿਹੜੀਆਂ ਸਬਜ਼ੀਆਂ ਲਾਈਆਂ ਜਾਂਦੀਆਂ ਹਨ? ਕੋਈ ਚਾਰ ਉਦਾਹਰਨਾਂ ਦਿਓ । **2**

8. ਨਾਸ਼ਪਾਤੀ ਦੀਆਂ ਸਖ਼ਤ ਅਤੇ ਅਰਧ-ਨਰਮ ਦੋ-ਦੋ ਕਿਸਮਾਂ ਲਿਖੋ । **2**

9. ਕੰਢੀ ਦੇ ਇਲਾਕੇ ਵਿੱਚ ਭੂਮੀ ਖੋਰ ਦੀ ਸਮੱਸਿਆ ਵੱਧ ਕਿਉਂ ਹੁੰਦੀ ਹੈ ? **2**

10. ਇੱਕ ਕਿਸਾਨ ਆਪਣੀ ਆਮਦਨ ਵਧਾਉਣ ਲਈ ਖੇਤੀ ਦੇ ਨਾਲ ਕੋਈ ਖੇਤੀ-ਅਧਾਰਿਤ ਧੰਦਾ ਸ਼ੁਰੂ ਕਰਨਾ ਚਾਹੁੰਦਾ ਹੈ । ਉਸ ਨੂੰ ਇਹ ਧੰਦਾ ਸ਼ੁਰੂ ਕਰਨ ਦੇ ਕੋਈ ਦੋ ਲਾਭ ਦੱਸੋ । **2**

11. ਤੁਹਾਡੀ ਘਰੇਲੂ ਬਗ਼ੀਚੀ ਵਿੱਚ ਬਹੁਤ ਸਾਰੀਆਂ ਮੌਸਮੀ ਸਬਜ਼ੀਆਂ ਹਨ । ਤੁਸੀਂ ਇਨ੍ਹਾਂ ਵਿੱਚੋਂ ਕਿਹੜੀਆਂ ਚਾਰ ਸਬਜ਼ੀਆਂ ਨੂੰ ਸੁਕਾ ਕੇ ਰੱਖ ਸਕਦੇ ਹੋ ? **2**

12. ਵਪਾਰਕ ਪੱਧਰ 'ਤੇ ਬੀਜ ਉਤਪਾਦਨ ਲਈ ਕਿਹੜੀਆਂ ਚਾਰ ਮੁੱਢਲੀਆਂ ਲੋੜਾਂ ਹਨ ? **2**

13. ਸੰਘਣੇ ਦਰਖ਼ਤਾਂ ਵਾਲੀਆਂ ਥਾਂਵਾਂ ਦੇ ਨੇੜੇ ਸੂਰਜਮੁਖੀ ਦੀ ਬਿਜਾਈ ਕਿਉਂ ਨਹੀਂ ਕਰਨੀ ਚਾਹੀਦੀ ? **2**

14. ਆਰਥਿਕ ਨੁਕਸਾਨ ਦੀ ਹੱਦ (ਇਕਨਾਮਿਕ ਥਰੈੱਸ਼ਹੋਲਡ) ਤੋਂ ਕੀ ਭਾਵ ਹੈ ? **2**

2 ਅੰਕ × 11 = 22 ਅੰਕ

ਭਾਗ - III

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 4-5 ਵਾਕਾਂ ਵਿੱਚ ਦਿਓ :

15. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕਿਸਾਨ ਮੇਲਿਆਂ ਰਾਹੀਂ ਕਿਸਾਨਾਂ ਨੂੰ ਹੋਣ ਵਾਲੇ ਕੋਈ ਚਾਰ ਲਾਭ ਲਿਖੋ । **4**

ਜਾਂ

ਪਸ਼ੂ ਪਾਲਣ ਵਿਭਾਗ ਵੱਲੋਂ ਕਿਸਾਨਾਂ ਨੂੰ ਦਿੱਤੀਆਂ ਜਾਣ ਵਾਲੀਆਂ ਕੋਈ ਚਾਰ ਸਹੂਲਤਾਂ ਲਿਖੋ । **4**

16. ਇੱਕ ਕਿਸਾਨ ਨੂੰ ਸਦਾਬਹਾਰ ਫਲ਼ਦਾਰ ਬੂਟੇ ਖਰੀਦਦੇ ਸਮੇਂ ਕਿਹੜੀਆਂ-ਕਿਹੜੀਆਂ ਚਾਰ ਮੁੱਖ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ? **4**

ਜਾਂ

ਇੱਕ ਕਿਸਾਨ ਖੇਤਾਂ ਦੇ ਬੰਨਿਆਂ 'ਤੇ ਰੁੱਖ ਲਗਾ ਕੇ ਵਣ ਖੇਤੀ ਕਰਨਾ ਚਾਹੁੰਦਾ ਹੈ । ਤੁਸੀਂ ਉਸ ਨੂੰ ਖੇਤਾਂ ਦੇ ਬੰਨਿਆਂ 'ਤੇ ਰੁੱਖ ਲਗਾਉਣ ਦੀ ਵਿਧੀ ਸਮਝਾਉ । **4**

17. ਤਸਦੀਕਸ਼ੁਦਾ (ਸਰਟੀਫਾਈਡ) ਬੀਜ ਕੀ ਹੁੰਦੇ ਹਨ ? ਇਨ੍ਹਾਂ ਦੇ ਤਿੰਨ ਮਿਆਰ ਲਿਖੋ । **4**

ਜਾਂ

ਤੁਸੀਂ ਪਿੰਡਾਂ ਦੇ ਲੋਕਾਂ ਦਾ ਸ਼ਹਿਰਾਂ ਵੱਲ ਜਾਣ ਦੇ ਰੁਝਾਨ ਨੂੰ ਰੋਕਣ ਲਈ ਕੀ-ਕੀ ਚਾਰ ਮੁੱਖ ਕਦਮ ਚੁੱਕੋਗੇ ? **4**

18. ਤੁਸੀਂ ਚੂਹੇ ਮਾਰਨ ਲਈ ਜ਼ਹਿਰੀਲਾ ਚੋਗਾ ਕਿਵੇਂ ਤਿਆਰ ਕਰੋਗੇ ? **4**

ਜਾਂ

ਪਲਾਂਟ ਕਲੀਨਿਕ ਕੀ ਹੈ ? ਪਲਾਂਟ ਕਲੀਨਿਕ ਵਿੱਚ ਕੰਪਿਊਟਰ ਕੀ ਕੰਮ ਆਉਂਦਾ ਹੈ ? **4**

4 ਅੰਕ × 4 = 16 ਅੰਕ